# ਤੁਹਾਡੇ ਦੁਆਰਾ ਕਿਫਾਇਤੀ ਰਿਹਾਇਸ਼ ਲਈ ਅਰਜ਼ੀ ਦੇਣ ਤੋਂ ਬਾਅਦ ਜਾਂਚਸੂਚੀਆਂ ਅਤੇ ਸਰੋਤ

NYC Housing Connect

*[PAGE 1]*

## ਇਸ ਗਾਈਡ ਬਾਰੇ

ਕਿਫਾਇਤੀ ਰਿਹਾਇਸ਼ ਲਈ ਅਰਜ਼ੀਆਂ ਨੂੰ ਇੱਕ ਲਾਟਰੀ ਪ੍ਰਕਿਰਿਆ ਦੁਆਰਾ ਸਮੀਖਿਆ ਲਈ ਚੁਣਿਆ ਜਾਂਦਾ ਹੈ।

ਜੇ ਲਾਟਰੀ ਵਿੱਚ ਤੁਹਾਡਾ ਨੰਬਰ ਆਉਂਦਾ ਹੈ ਅਤੇ ਤੁਹਾਡੀ ਅਰਜ਼ੀ ਯੋਗ ਹੁੰਦੀ ਲਗਦੀ ਹੈ, ਤਾਂ ਤੁਹਾਨੂੰ ਆਪਣੀ ਯੋਗਤਾ ਦੀ ਪੁਸ਼ਟੀ ਕਰਨ ਲਈ ਅਪਾਇੰਟਮੈਂਟ ਲਈ ਸੱਦਾ ਦਿੱਤਾ ਜਾਵੇਗਾ। ਇਹ ਅਪਾਇੰਟਮੈਂਟ ਉਨ੍ਹਾਂ ਦਸਤਾਵੇਜ਼ਾਂ ਦੀ ਸਮੀਖਿਆ ਕਰਨ ਲਈ ਹੁੰਦੀ ਹੈ ਜੋ ਤੁਹਾਡੀ ਅਰਜ਼ੀ ਤੇ ਜਾਣਕਾਰੀ ਦਾ ਸਮਰਥਨ ਕਰਦੇ ਹਨ।

ਅਪਾਇੰਟਮੈਂਟਾਂ ਆਮ ਤੌਰ ਤੇ ਅਰਜ਼ੀ ਦੀ ਅੰਤਿਮ ਤਾਰੀਖ ਤੋਂ ਬਾਅਦ ਦੋ ਤੋਂ ਦੱਸ ਮਹੀਨਿਆਂ ਵਿਚਕਾਰ ਨਿਯਤ ਕੀਤੀਆਂ ਜਾਂਦੀਆਂ ਹਨ। ਤੁਹਾਨੂੰ ਇਨ੍ਹਾਂ ਬਾਰੇ ਦਸਤਾਵੇਜ਼ਾਂ ਨੂੰ ਲਿਆਉਣ ਦੀ ਲੋੜ ਹੋਵੇਗੀ ਕਿ ਤੁਹਾਡੇ ਨਾਲ ਕੌਣ ਲੋਕ ਰਹਿਣਗੇ, ਤੁਹਾਡੇ ਨਾਲ ਰਹਿਣ ਵਾਲਾ ਹਰ ਵਿਅਕਤੀ ਕੰਨੇ ਪੈਸੇ ਕਮਾਉਂਦਾ ਹੈ, ਤੁਹਾਡਾ ਮੌਜੂਦਾ ਘਰ ਅਤੇ ਹੋਰ ਜਾਣਕਾਰੀ।

ਇਹ ਗਾਈਡ ਤੁਹਾਨੂੰ ਅਪਾਇੰਟਮੈਂਟ ਲਈ ਤਿਆਰੀ ਕਰਨ ਵਿੱਚ ਮਦਦ ਕਰਦੀ ਹੈ। ਇਹ ਉਨ੍ਹਾਂ ਦਸਤਾਵੇਜ਼ਾਂ ਨੂੰ ਸੂਚੀਬੱਧ ਕਰਦੀ ਹੈ ਜਿਨ੍ਹਾਂ ਨੂੰ ਨਾਲ ਲਿਆਉਣ ਦੀ ਲੋੜ ਹੋ ਸਕਦੀ ਹੈ ਅਤੇ ਇਸ ਤੇ ਸੁਝਾਅ ਦਿੰਦੀ ਹੈ ਕਿ ਤੁਹਾਡੇ ਲਈ ਲੋੜੀਂਦੀਆਂ ਚੀਜ਼ਾਂ ਨੂੰ ਕਿਵੇਂ ਲੱਭਣਾ ਹੈ ਅਤੇ ਉਨ੍ਹਾਂ ਦੀਆਂ ਕਾਪੀਆਂ ਕਿਵੇਂ ਕਰਨੀਆਂ ਹਨ।

*[PAGE 2]*

## ਪਰਿਵਾਰਕ ਦਸਤਾਵੇਜ਼

ਜੇ ਤੁਹਾਨੂੰ ਤੁਹਾਡੀ ਯੋਗਤਾ ਦੀ ਪੁਸ਼ਟੀ ਕਰਨ ਲਈ ਸੰਪਰਕ ਕੀਤਾ ਗਿਆ ਹੈ,

ਤਾਂ ਤੁਹਾਨੂੰ ਉਨ੍ਹਾਂ ਦਸਤਾਵੇਜ਼ਾਂ ਦੀਆਂ ਕਾਪੀਆਂ ਲਿਆਉਣ ਲਈ ਕਿਹਾ ਜਾਵੇਗਾ ਜੋ ਤੁਹਾਡੇ ਪਰਿਵਾਰ ਵਿਚਲੇ ਵਿਅਕਤੀਆਂ ਦੀ ਪੁਸ਼ਟੀ ਕਰਨ। ਕਿਰਪਾ ਕਰਕੇ ਜਦੋਂ ਤਕ ਨਾ ਕਿਹਾ ਜਾਵੇ, ਅਸਲੀ ਦਸਤਾਵੇਜ਼ ਨਾ ਲਿਆਓ। ਇਨ੍ਹਾਂ ਦਸਤਾਵੇਜ਼ਾਂ ਦੀਆਂ ਕਾਪੀਆਂ ਫਾਈਲ ਵਿੱਚ ਰਹਿਣਗੀਆਂ – ਉਹ ਤੁਹਾਨੂੰ ਵਾਪਸ ਨਹੀਂ ਮਿਲਣਗੀਆਂ।

ਨਿਰਮਾਤਾ ਤੁਹਾਨੂੰ ਉਨ੍ਹਾਂ ਦਸਤਾਵੇਜ਼ਾਂ ਬਾਰੇ ਦੱਸੇਗਾ ਜਿਨ੍ਹਾਂ ਨੂੰ ਤੁਹਾਨੂੰ ਨਾਲ ਲਿਆਉਣ ਦੀ ਲੋੜ ਹੁੰਦੀ ਹੈ। ਹੇਠਾਂ ਦਿੱਤੀਆਂ ਸਾਰੀਆਂ ਆਈਟਮਾਂ ਦੀ ਲੋੜ ਪੈ ਸਕਦੀ ਹੈ।

## ਕੀ ਤੁਹਾਡੇ ਕੋਲ ਇਹ ਦਸਤਾਵੇਜ਼ ਹਨ?

## ਮੌਜੂਦਾ ਘਰ

- ☐ ਤੁਹਾਡੀ ਮੌਜੂਦਾ ਲੀਜ਼ (ਪੱਟਾ) ਦੀ ਕਾਪੀ, ਜੇ ਤੁਸੀਂ ਆਪਣਾ ਘਰ ਕਿਰਾਏ ਤੇ ਲਿਆ ਹੈ। ਜੇ ਤੁਹਾਡੇ ਕੋਲ ਲੀਜ਼ ਨਹੀਂ ਹੈ, ਤਾਂ ਤੁਹਾਡੇ ਮਕਾਨ-ਮਾਲਕ ਤੋਂ ਨੋਟਰੀ ਪੱਤਰ।

- ਪਿਛਲੀਆਂ ਤਿੰਨ (3) ਤੋਂ ਬਾਰਾਂ (12) ਕਿਰਾਏ ਦੀਆਂ ਰਸੀਦਾਂ ਦੀਆਂ ਕਾਪੀਆਂ ਜਾਂ ਕਿਰਾਏ ਦੇ ਕੈਂਸਲ ਚੈੱਕ।
- ਤੁਹਾਡੇ ਸਭ ਤੋਂ ਹਾਲੀਆ ਬਿਜਲੀ ਅਤੇ ਗੈਸ ਦੇ ਬਿਲਾਂ ਦੀ ਕਾਪੀਆਂ (ਤੁਹਾਡੇ ਨਾਮ ਤੇ ਅਤੇ ਤੁਹਾਡਾ ਮੌਜੂਦਾ ਪਤਾ ਦਿਖਾਉਣ ਵਾਲੀਆਂ)।
- ਤੁਹਾਡੇ ਸਭ ਤੋਂ ਹਾਲੀਆ ਟੈਲੀਫੋਨ ਬਿਲਾਂ ਦੀ ਕਾਪੀਆਂ (ਤੁਹਾਡੇ ਨਾਮ ਤੇ ਅਤੇ ਤੁਹਾਡਾ ਮੌਜੂਦਾ ਪਤਾ ਦਿਖਾਉਣ ਵਾਲੀਆਂ)।
- ਜੇ ਤੁਸੀਂ ਆਪਣਾ ਘਰ ਕਿਰਾਏ ਤੇ ਨਹੀਂ ਲਿਆ ਹੈ ਜਾਂ ਤੁਸੀਂ ਕਿਸੇ ਹੋਰ ਨਾਲ ਰਹਿੰਦੇ ਹੋ, ਤਾਂ ਘਰ ਵਿੱਚ ਤੁਹਾਡੇ ਨਾਲ ਰਹਿਣ ਵਾਲੇ ਸਾਥੀ ਤੋਂ ਨੋਟਰੀ ਪੱਤਰ ਦੇ ਨਾਲ ਉਨ੍ਹਾਂ ਦੇ ਲੀਜ਼ ਅਤੇ ਉਨ੍ਹਾਂ ਦੇ ਯੂਟਿਲਟੀ ਬਿਲਾਂ ਦੀ ਕਾਪੀਆਂ।

### *ਮੈਂ ਦਸਤਾਵੇਜ਼ਾਂ ਨੂੰ ਕਿਥੋਂ ਨੋਟਰਾਈਜ਼ ਕਰਵਾ ਸਕਦਾ ਹਾਂ?*

- ਪ੍ਰਾਪਰਟੀ ਮੈਨੇਜਮੈਂਟ ਏਜੰਟਾਂ ਅਤੇ ਸਥਾਨਕ ਟੈਕਸ ਜਾਂ ਕਨੂੰਨ ਅਫਸਰਾਂ ਕੋਲ ਅਕਸਰ ਸਟਾਫ ਵਿੱਚ ਨੋਟਰੀ ਹੁੰਦੇ ਹਨ।
- ਜ਼ਿਆਦਾਤਰ ਬੈਂਕ ਦਸਤਾਵੇਜ਼ਾਂ ਨੂੰ ਨੋਟਰੀ ਕਰਨ ਦੇ ਯੋਗ ਹੋਣਗੇ ਅਤੇ ਫੀਸ ਵੀ ਨਾਮਾਤਰ ਹੁੰਦੀ ਹੈ।

## ਪਰਿਵਾਰ ਦੇ ਮੈਂਬਰ

- ਪਰਿਵਾਰ ਦੇ ਹਰੇਕ ਮੈਂਬਰ ਦੇ ਜਨਮ ਸਰਟੀਫਿਕੇਟਾਂ ਦੀਆਂ ਕਾਪੀਆਂ
- ਪਰਿਵਾਰ ਦੇ ਹਰੇਕ ਮੈਂਬਰ ਦੇ ਸਮਾਜਿਕ ਸੁਰੱਖਿਆ ਕਾਰਡਾਂ ਦੀਆਂ ਕਾਪੀਆਂ

- 18 ਸਾਲ ਤੋਂ ਵੱਡੀ ਉਮਰ ਦੇ ਸਾਰੇ ਵਿਅਕਤੀਆਂ ਦੀਆਂ ਤਸਵੀਰ ਵਾਲੀ ਆਈਡੀ ਦੀਆਂ ਕਾਪੀਆਂ (ਉਦਾਹਰਨਾਂ: ਡਰਾਈਵਰ ਲਾਇਸੰਸ, ਪਾਸਪੋਰਟ, ਮਿਲਟਰੀ ਆਈਡੀ, NYC ਮਿਊਨਸੀਪਲ ਆਈਡੀ, ਗੈਰ-ਡਰਾਈਵਰ ਆਈਡੀ)
- ਸਕੂਲ ਜਾ ਰਹੇ ਹਰੇਕ ਵਿਅਕਤੀ ਲਈ ਸਕੂਲ ਤੋਂ ਭਰਤੀ ਦੀ ਪੁਸ਼ਟੀ ਕਰਦੇ ਪੱਤਰ ਦੀ ਕਾਪੀਆਂ (ਉਦਾਹਰਨਾਂ: ਨਿਊ ਯਾਰਕ ਸਿਟੀ ਪਬਲਿਕ ਸਕੂਲ, ਨਿੱਜੀ ਸਕੂਲ, ਕਾਲਜ, ਯਨੀਵਰਸਿਟੀ)

*[PAGE 3]*

## ***ਮੈਂ ਪਛਾਣ ਦੇ ਦਸਤਾਵੇਜ਼ਾਂ ਲਈ ਕਿਵੇਂ ਆਰਡਰ ਕਰ ਸਕਦਾ ਹਾਂ?***

### ਜਨਮ ਸਰਟੀਫਿਕੇਟ

ਪ੍ਰੋਸੈਸਿੰਗ ਸਮਾਂ: 2 ਦਿਨ ਤੋਂ 8 ਹਫਤੇ | ਖਰਚਾ: ~$15–$25

- ਨਿਊ ਯਾਰਕ ਸਿਟੀ ਵਿੱਚ ਜਨਮ: ਅਧਿਕਾਰਕ ਨਿਊ ਯਾਰਕ ਸਿਟੀ ਜਨਮ ਸਰਟੀਫਿਕੇਟਾਂ ਦੀਆਂ ਕਾਪੀਆਂ ਨੂੰ NYC Department of Health and Mental Hygiene (NYC ਦੇ ਸਿਹਤ ਅਤੇ ਮਾਨਸਿਕ ਹਾਈਜ਼ੀਨ ਵਿਭਾਗ) ਰਾਹੀਂ ਆਨਲਾਈਨ, ਵਿਅਕਤੀਗਤ ਤੌਰ ਤੇ, ਜਾਂ ਡਾਕ ਰਾਹੀਂ ਆਰਡਰ ਕੀਤਾ ਜਾ ਸਕਦਾ ਹੈ। ਉਨ੍ਹਾਂ ਦਾ ਖਰਚਾ $15, ਜਮ੍ਹਾਂ $9 ਡਾਕ ਅਤੇ ਸੇਵਾ ਖਰਚੇ ਹਨ। ਆਨਲਾਈਨ ਆਰਡਰਾਂ ਤੇ 24 ਘੰਟਿਆਂ ਅੰਦਰ ਪ੍ਰਕਿਰਿਆ ਹੋ ਜਾਂਦੀ ਹੈ। ਵੇਰਵਿਆਂ ਲਈ http://www.nyc.gov/doh ਤੇ ਜਾਓ ਜਾਂ 311 ਤੇ ਕਾਲ ਕਰੋ।

- ਅਮਰੀਕਾ ਵਿੱਚ ਹੋਰ ਕਿਸੇ ਥਾਂ ਤੇ ਜਨਮ: ਸਰਟੀਫਿਕੇਟਾਂ ਲਈ ਆਮ ਤੌਰ ਤੇ ਕਾਉਂਟੀ ਕਲਰਕਾਂ ਜਾਂ ਅਹਿਮ ਰਿਕਾਰਡਾਂ ਦੇ ਪ੍ਰਦੇਸ਼ਕ ਦਫਤਰਾਂ ਵਿਖੇ ਬੇਨਤੀ ਕੀਤੀ ਜਾ ਸਕਦੀ ਹੈ। ਆਪਣੇ ਪ੍ਰਦੇਸ਼ ਦੇ ਅਹਿਮ ਰਿਕਾਰਡਾਂ ਦੇ ਦਫਤਰ ਨੂੰ ਲੱਭਣ ਲਈ, ਕਿਰਪਾ ਕਰਕੇ http://www.cdc.gov/nchs/w2w.htm ਤੇ ਜਾਓ ਜਾਂ ਆਪਣੀ ਸਥਾਨਕ ਲਾਇਬ੍ਰੇਰੀ ਤੋਂ ਸਹਾਇਤਾ ਮੰਗੋ।

## ਸਮਾਜਿਕ ਸੁਰੱਖਿਆ ਕਾਰਡ

ਪ੍ਰੋਸੈਸਿੰਗ ਸਮਾਂ: 2 ਤੋਂ 6 ਹਫਤੇ | ਖਰਚਾ: ਮੁਫਤ

- ਆਪਣੇ ਸਥਾਨਕ ਸਮਾਜਿਕ ਸੁਰੱਖਿਆ ਦਫਤਰ ਅਤੇ/ਜਾਂ ਕਾਰਡ ਕੇਂਦਰ ਤੋਂ ਅਰਜ਼ੀ ਲਓ। ਆਪਣਾ ਸਥਾਨਕ ਦਫਤਰ ਲੱਭਣ ਲਈ, 1-800-772-1213 ਤੇ ਕਾਲ ਕਰੋ ਜਾਂ http://www.ssa.gov/cardcenters/cardcenterinfo.html ਤੇ ਜਾਓ

## ਨਿਊ ਯਾਰਕ ਡਰਾਈਵਰ ਲਾਇਸੰਸ ਜਾਂ ਫੋਟੋ ਆਈਡੀ

ਪ੍ਰੋਸੈਸਿੰਗ ਸਮਾਂ: 2 ਤੋਂ 4 ਹਫਤੇ | ਖਰਚਾ: $10 -$80

- ਡਰਾਈਵਰ ਦੇ ਲਾਇਸੰਸ ਜਾਂ ਗੈਰ-ਡਰਾਈਵਰ ਫੋਟੋ ਆਈਡੀ ਲਈ NY ਮੋਟਰ ਵਾਹਨ ਦੇ ਪ੍ਰਦੇਸ਼ ਵਿਭਾਗ ਕੋਲ ਅਰਜ਼ੀ ਦਿਓ। ਵੇਰਵਿਆਂ ਲਈ www.dmv.ny.gov/ license.html ਤੇ ਜਾਓ, ਆਪਣੀ ਸਥਾਨਕ ਬ੍ਰਾਂਚ ਨੂੰ http://www.dmv.ny.gov/offices.htm ਤੇ ਲੱਭੋ, ਜਾਂ ਜਾਣਕਾਰੀ ਲਈ 1-212-645-5550 ਜਾਂ 1-718-966-6155 ਤੇ ਕਾਲ ਕਰੋ।

## IDNYC: ਨਿਊ ਯਾਰਕ ਸਿਟੀ ਮਿਊਂਸੀਪਲ ਕਾਰਡ

IDNYC ਸਾਰੇ ਨਿਊ ਯਾਰਕ ਨਿਵਾਸੀਆਂ ਲਈ ਮੁਫਤ ਪਛਾਣ ਕਾਰਡ ਹੈ। ਆਨਲਾਈਂ ਆਪਣੀ ਅਰਜ਼ੀ ਸ਼ੁਰੂ ਕਰਨ ਲਈ www.nyc.gov/idnyc ਤੇ ਜਾਓ ਜਾਂ 311 ਤੇ ਕਾਲ ਕਰੋ।

### *ਮੈਂ ਕਿਥੋਂ ਫੋਟੋਕਾਪੀਆਂ ਕਰਵਾ ਸਕਦਾ ਹਾਂ?*

- Brooklyn Public Library (ਬਰੁੱਕਲਿਨ ਪਬਲਿਕ ਲਾਇਬ੍ਰੇਰੀ): www.brooklynpubliclibrary.org ਤੇ ਜਾਓ ਜਾਂ 311 ਤੇ ਕਾਲ ਕਰੋ
- New York Public Library (ਨਿਊ ਯਾਰਕ ਪਬਲਿਕ ਲਾਇਬ੍ਰੇਰੀ): 311 ਤੇ ਕਾਲ ਕਰੋ ਜਾਂ ਬ੍ਰੌਂਕਸ, ਮੈਨਹਟਨ ਅਤੇ ਸਟੇਟਨ ਆਈਲੈਂਡ ਬ੍ਰਾਂਚਾਂ ਲਈwww.nypl.org ਤੇ ਜਾਓ
- Queens Public Library (ਕੁਈਨਸ ਪਬਲਿਕ ਲਾਇਬ੍ਰੇਰੀ): 311 ਤੇ ਕਾਲ ਕਰੋ ਜਾਂ www.queenslibrary.org ਤੇ ਜਾਓ
- ਤੁਹਾਡਾ ਸਥਾਨਕ ਕਮਿਉਨਿਟੀ ਬੋਰਡ ਦਫਤਰ: 311 ਤੇ ਕਾਲ ਕਰੋ
- ਕਾਪੀ ਅਤੇ ਪ੍ਰਿੰਟ ਕਰਨ ਵਾਲੀਆਂ ਦੁਕਾਨਾਂ

*[PAGE 4]*

## ਆਮਦਨੀ ਦੇ ਦਸਤਾਵੇਜ਼

ਤੁਹਾਡੇ ਪਰਿਵਾਰ ਦੀ ਸਾਲਾਨਾ ਆਮਦਨੀ ਤੁਹਾਡੇ ਨਾਲ ਰਹਿ ਰਹੇ 18 ਸਾਲ ਤੋਂ ਵੱਡੇ ਹਰੇਕ ਵਿਅਕਤੀ ਦੁਆਰਾ ਕਮਾਈ "ਕੁੱਲ ਆਮਦਨੀ" ਹੈ। "ਕੁੱਲ ਆਮਦਨੀ" ਦਾ ਮਤਲਬ ਹੈ ਜੋ ਤੁਹਾਡਾ ਰੁਜ਼ਗਾਰਦਾਤਾ ਤੁਹਾਨੂੰ ਟੈਕਸਾਂ ਤੋਂ ਪਹਿਲਾਂ ਦਿੰਦਾ ਸੀ। ਤੁਹਾਡੀ ਕੁੱਲ ਆਮਦਨੀ ਅਕਸਰ ਤੁਹਾਡੀ ਘਰ ਲਿਆਈ ਤਨਖਾਹ ਤੋਂ ਜ਼ਿਆਦਾ ਹੁੰਦੀ ਹੈ। (ਨੋਟ: ਜੇ ਤੁਸੀਂ ਸਵੈ-ਰੁਜ਼ਗਾਰ ਵਿੱਚ ਹੋ, ਤਾਂ ਤੁਸੀਂ ਕਟੌਤੀਆਂ ਤੋਂ ਬਾਅਦ ਆਪਣੀ ਸ਼ੁੱਧ ਆਮਦਨੀ ਦੀ ਰਿਪੋਰਟ ਕਰੋ।)

ਜਿੰਨੇ ਦਸਤਾਵੇਜ਼ ਤੁਸੀਂ ਇਕੱਤਰ ਕਰ ਸਕਦੇ ਹੋ ਕਰੋ। IRS ਕਹਿੰਦਾ ਹੈ ਕਿ ਹੇਠਾਂ ਦਿੱਤੇ ਦਸਤਾਵੇਜ਼ ਆਮਦਨੀ ਦੇ ਸਬੂਤ ਵਜੋਂ ਸਵੀਕਾਰਯੋਗ ਹਨ। 18 ਸਾਲ ਤੋਂ ਵੱਡੀ ਉਮਰ ਦੇ ਹਰੇਕ ਪਰਿਵਾਰਕ ਮੈਂਬਰ ਲਈ ਆਮਦਨੀ ਦੇ ਦਸਤਾਵੇਜ਼ ਦਿਓ।

**ਕੀ ਤੁਹਾਡੇ ਕੋਲ ਇਹ ਦਸਤਾਵੇਜ਼ ਹਨ?**

***ਇਹ ਦਸਤਾਵੇਜ਼ ਜ਼ਰੂਰੀ ਕਿਉਂ ਹਨ?***

HPD ਅਤੇ HDC ਨੂੰ ਇਨ੍ਹਾਂ ਸਾਰੇ ਦਸਤਾਵੇਜ਼ਾਂ ਦੀ ਲੋੜ ਤੁਹਾਡੇ ਪਰਿਵਾਰ ਦੀ ਕੁੱਲ ਸਾਲਾਨਾ ਰਾਸ਼ੀ – ਨਿਯਮਿਤ ਰੁਜ਼ਗਾਰ ਤੋਂ ਅਤੇ ਆਮਦਨੀ ਦੇ ਹੋਰ ਸਰੋਤਾਂ ਤੋਂ – ਦੀ ਗਣਨਾ ਕਰਨ ਅਤੇ ਪੁਸ਼ਟੀ ਕਰਨ ਲਈ ਹੁੰਦੀ ਹੈ।

**ਪਰਿਵਾਰ ਦੀ ਰੁਜ਼ਗਾਰ ਤੋਂ ਆਮਦਨੀ**

***ਕੀ ਤੁਹਾਡੇ ਪਰਿਵਾਰ ਵਿਚੋਂ ਕੋਈ ਤਨਖਾਹ ਜਾਂ ਪ੍ਰਤੀ ਘੰਟਾ ਵੇਤਨ ਕਮਾਉਂਦਾ ਹੈ?***

ਨਿਰਮਾਤਾ ਤੁਹਾਨੂੰ ਦੱਸੇਗਾ ਕਿ ਕਿਹੜੇ ਦਸਤਾਵੇਜ਼ਾਂ ਦੀ ਲੋੜ ਹੁੰਦੀ ਹੈ। ਤੁਹਾਨੂੰ ਆਮ ਤੌਰ ਤੇ ਹਰੇਕ ਪਰਿਵਾਰਕ ਮੈਂਬਰ ਲਈ, ਹੇਠਾਂ ਲਿਖੇ ਦਸਤਾਵੇਜ਼ ਲਿਆਉਣ ਲਈ ਕਿਹਾ ਜਾਵੇਗਾ:

- ☐ ਪਿਛਲੀਆਂ ਲਗਾਤਾਰ ਛੇ (6) ਤਨਖਾਹ ਪਰਚੀਆਂ ਦੀਆਂ ਕਾਪੀਆਂ
- ☐ ਪਿਛਲੇ ਸਾਲ ਦੇ W-2 ਫਾਰਮਾਂ ਦੀਆਂ ਕਾਪੀਆਂ (ਸਾਰੇ ਪੰਨੇ)
- ☐ ਪਿਛਲੇ ਸਾਲ ਤੋਂ ਪੂਰੀਆਂ ਭਰੀਆਂ ਅਤੇ ਦਸਤਖਤ ਕੀਤੀਆਂ ਸੰਘੀ ਅਤੇ ਪ੍ਰਦੇਸ਼ਕ ਟੈਕਸ ਰਿਟਰਨਾਂ ਦੀਆਂ ਕਾਪੀਆਂ
- ☐ ਨਕਦ ਤਨਖ਼ਾਹਾਂ ਦਾ ਸਬੂਤ (ਰੁਜ਼ਗਾਰਦਾਤਾਵਾਂ ਤੋਂ ਨੋਟਰੀ ਪੱਤਰ)
- ☐ ਬੈਂਕ ਸਟੇਟਮੈਂਟ ਜੋ ਜਮ੍ਹਾਂ ਰਾਸ਼ੀਆਂ ਦਾ ਸਮਰਥਨ ਕਰੇ

***ਕੀ ਤੁਹਾਡੇ ਪਰਿਵਾਰ ਵਿੱਚ ਕੋਈ ਸਵੈ-ਰੁਜ਼ਗਾਰ ਵਿੱਚ ਹੈ?***

ਹਰ ਸਵੈ-ਰੁਜ਼ਗਾਰ ਵਿੱਚ ਲੱਗੇ ਪਰਿਵਾਰਕ ਮੈਂਬਰ ਲਈ, ਹੇਠਾਂ ਲਿਖੇ ਦਸਤਾਵੇਜ਼ਾਂ ਦੀਆਂ ਕਾਪੀਆਂ ਦਿਓ:

- ☐ ਪਿਛਲੇ 3 ਸਾਲਾਂ ਦੀਆਂ ਸ਼ਡਿਊਲ C, E ਜਾਂ F ਦੇ ਨਾਲ ਦਸਤਖਤ ਕੀਤੇ ਫਾਰਮ 1040 ਦੀਆਂ ਕਾਪੀਆਂ
- ☐ ਪਿਛਲੇ 3 ਸਾਲਾਂ ਦੀਆਂ ਸਾਰੇ 1099s ਫਾਰਮਾਂ ਦੀਆਂ ਕਾਪੀਆਂ
- ☐ 3 ਸਾਲਾਂ ਦੀਆਂ ਪ੍ਰਦੇਸ਼ਕ ਟੈਕਸ ਰਿਟਰਨਾਂ ਦੀਆਂ ਕਾਪੀਆਂ

*[PAGE 5]*

**ਹੋਰ ਸਰੋਤ ਘਰੇਲੂ ਆਮਦਨ**

ਤੁਹਾਡਾ ਉਨ੍ਹਾਂ ਪੈਸਿਆਂ ਬਾਰੇ ਦਸਤਾਵੇਜ਼ਾਂ ਨੂੰ ਦਿਖਾਉਣਾ ਜ਼ਰੂਰੀ ਹੈ ਜੋ ਤੁਹਾਨੂੰ ਪ੍ਰਾਪਤ ਹੁੰਦੇ ਹਨ, ਭਾਵੇਂ ਇਹ ਕਿਸੇ ਨੌਕਰੀ ਤੋਂ ਨਾ ਹੋਣ। ਨਿਰਮਾਤਾ ਤੁਹਾਨੂੰ ਦੱਸੇਗਾ ਕਿ ਕਿਹੜੇ ਦਸਤਾਵੇਜ਼ਾਂ ਦੀ ਲੋੜ ਹੁੰਦੀ ਹੈ। ਤੁਹਾਨੂੰ ਆਮ ਤੌਰ ਤੇ ਹਰੇਕ ਪਰਿਵਾਰਕ ਮੈਂਬਰ ਲਈ, ਹੇਠਾਂ ਲਿਖੇ ਦਸਤਾਵੇਜ਼ ਲਿਆਉਣ ਲਈ ਕਿਹਾ ਜਾਵੇਗਾ:

***ਹੋਰ ਸਰੋਤਾਂ ਤੋਂ ਪਰਿਵਾਰਕ ਆਮਦਨੀ?***

ਇਨ੍ਹਾਂ ਲਈ ਦਸਤਾਵੇਜ਼ਾਂ ਦੀਆਂ ਕਾਪੀਆਂ:

- ☐ ਸਭ ਤੋਂ ਨਵੀਨਤਮ ਕੈਲੰਡਰ ਸਾਲ ਲਈ ਸੋਸ਼ਲ ਸਿਕਉਰਿਟੀ ਤੈਅ ਕਰਨ ਦਾ ਪੱਤਰ (30 ਦਿਨਾਂ ਤੋਂ ਘੱਟ ਪਹਿਲਾਂ ਦੀ ਤਾਰੀਖ)
- ☐ ਵੈਟਰਨਸ ਬੈਨਿਫਿਟ (ਸਾਲਾਨਾ ਦਸਤਾਵੇਜ਼)
- ☐ ਕਿਰਾਏ ਤੇ ਦਿੱਤੀਆਂ ਸੰਪਤੀਆਂ ਤੋਂ ਆਮਦਨੀ
- ☐ ਜਨਤਕ ਸਹਾਇਤਾ ਬਜਟ ਪੱਤਰ ਹਥਿਆਬੰਦ ਸੇਨਾਵਾਂ ਦੇ ਰਿਜ਼ਰਵਸ

***ਕੀ ਤੁਹਾਨੂੰ ਡਿਵੀਡੈਂਡ (ਲਾਭਾਂਸ਼) ਅਤੇ/ ਜਾਂ ਸਾਲਾਨਾ ਭੁਗਤਾਨ (ਐਨੂਇਟੀ) ਮਿਲਦੇ ਹਨ?***

- ਜਾਰੀ ਕਰਨ ਵਾਲੇ ਸੰਸਥਾਨਾਂ ਤੋਂ ਸਟੇਟਮੈਂਟ ਦੀਆਂ ਕਾਪੀਆਂ

***ਕੀ ਤੁਹਾਨੂੰ ਸਕਾਲਰਸ਼ਿਪ ਅਤੇ/ ਜਾਂ ਗ੍ਰਾਂਟ ਦੇ ਪੈਸੇ ਮਿਲਦੇ ਹਨ?***

- ਤਾਰੀਖ ਪਾਏ ਅਵਾਰਡ ਪੱਤਰ

***ਕੀ ਤੁਹਾਨੂੰ ਨਿਰਵਾਹ-ਧਨ (ਏਲਮੋਨੀ) ਅਤੇ/ ਜਾਂ ਬੱਚਿਆਂ ਲਈ ਸਹਾਇਤਾ ਮਿਲਦੀ ਹੈ?***

ਹੇਠਾਂ ਲਿਖਿਆਂ ਦੀਆਂ ਕਾਪੀਆਂ ਪ੍ਰਦਾਨ ਕਰੋ:

- ਅਲੱਗ ਹੋਣ ਜਾਂ ਸੈਟਲਮੈਂਟ ਦੇ ਇਕਰਾਰਨਾਮੇ(ਇਕਰਾਰਨਾਮਿਆਂ) ਦੀਆਂ ਕਾਪੀਆਂ ਜੋ ਸਹਾਇਤਾ ਦੀ ਰਾਸ਼ੀ ਅਤੇ ਕਿਸਮ ਅਤੇ ਭੁਗਤਾਨ ਅਨੁਸੂਚੀ ਨੂੰ ਦੱਸਣ
- ਕਿਸੇ ਵੀ ਅਧਿਕਾਰਤ ਸਟੇਟਮੈਂਟ ਦੀਆਂ ਕਾਪੀਆਂ ਜਾਂ ਪ੍ਰਿੰਟ-ਆਉਟ (120 ਦਿਨਾਂ ਦੇ ਅੰਦਰ ਦੀ ਤਾਰੀਖ ਅਤੇ ਕੰਮ ਅਤੇ ਰਾਸ਼ੀਆਂ ਨੂੰ ਦਿਖਾਏ), ਜਾਂ ਨੋਟਰਾਈਜਡ ਕੀਤਾ ਹਲਫਨਾਮਾ।

***ਅਪੰਗਤਾ ਬੀਮਾ, ਕਰਮੀਆਂ ਲਈ ਮੁਆਵਜ਼ਾ ਅਤੇ/ ਜਾਂ ਅਲੱਗ ਹੋਣ ਲਈ ਭੁਗਤਾਨ?***

- ਪਿਛਲੀਆਂ ਛੇ (6) ਲਗਾਤਾਰ ਮੌਜੂਦਾ ਤਨਖਾਹ ਪਰਚੀਆਂ ਦੀਆਂ ਕਾਪੀਆਂ ਜਾਂ ਪੁਸ਼ਟੀਕਰਨ ਪੱਤਰ

***ਕੀ ਤੁਸੀਂ ਆਵਰਤੀ ਯੋਗਦਾਨ ਅਤੇ/ਜਾਂ ਉਪਹਾਰ ਪ੍ਰਾਪਤ ਕਰਦੇ ਹੋ? ਕੀ ਤੁਸੀਂ ਹੋਰ ਮਿਆਦੀ ਆਮਦਨੀ ਪ੍ਰਾਪਤ ਕਰਦੇ ਹੋ?***

-  ਨੋਟਰਾਈਜਡ ਸਟੇਟਮੈਂਟ ਅਤੇ/ਜਾਂ ਸਹਾਇਤਾ ਪ੍ਰਦਾਨ ਕਰਨ ਵਾਲੇ ਦੁਆਰਾ ਦਸਤਖਤ ਕੀਤਾ ਹਲਫਨਾਮਾ, ਆਮਦਨੀ ਦੇ ਉਦੇਸ਼, ਉਪਹਾਰ(ਰਾਂ) ਦੀ ਤਾਰੀਖ ਅਤੇ ਮੁੱਲ, ਅਤੇ ਉਪਹਾਰ ਕਦੋਂ- ਕਦੋਂ ਦਿੱਤਾ ਜਾਂਦਾ ਹੈ (ਸਪਤਾਹਿਕ, ਮਾਸਿਕ, ਸਾਲਾਨਾ) ਸਮੇਤ।
-  ਇਨ੍ਹਾਂ ਭੁਗਤਾਨਾਂ ਦੀਆਂ ਰਸੀਦਾਂ ਦਾ ਸਮਰਥਨ ਕਰਦੀਆਂ ਬੈਂਕ ਸਟੇਟਮੈਂਟਾਂ

*[PAGE 6]*

**ਯੋਗਤਾ ਸਮੱਸਿਆਵਾਂ**

ਤੁਹਾਨੂੰ ਉਹ ਕੋਈ ਵੀ ਸਮੱਸਿਆਵਾਂ ਲਿਖਕੇ ਦੱਸਣੀਆਂ ਚਾਹੀਦੀਆਂ ਹਨ ਜੋ ਤੁਹਾਨੂੰ ਪਿਛਲੇ ਮਕਾਨ-ਮਾਲਕਾਂ ਜਾਂ ਆਪਣੇ ਕ੍ਰੈਡਿਟ ਨਾਲ ਸਨ। ਇਨ੍ਹਾਂ ਦਸਤਾਵੇਜ਼ਾਂ ਦੇ ਨਾਲ ਵੀ, ਇਸ ਦੀ ਕੋਈ ਗਰੰਟੀ ਨਹੀਂ ਹੈ ਕਿ ਤੁਸੀਂ ਘਰ ਲਈ ਯੋਗ ਹੋਵੋਗੇ। ਤੁਹਾਡੀ ਅਰਜ਼ੀ ਅਜੇ ਵੀ ਅਸਵੀਕਾਰ ਹੋ ਸਕਦੀ ਹੈ, ਵਧੀਆ ਦਸਤਾਵੇਜ਼ਾਂ ਦੇ ਨਾਲ ਵੀ।

**ਪਿਛਲੇ ਮਕਾਨ-ਮਾਲਕ ਨਾਲ ਸਮੱਸਿਆਵਾਂ**

**ਕੀ ਮਕਾਨ-ਮਾਲਕ ਨੇ ਕਦੇ ਵੀ ਕਿਸੇ ਵੀ ਕਾਰਨ ਤੁਹਾਡੇ ਖਿਲਾਫ ਕਨੂੰਨੀ ਕਾਰਵਾਈ ਫਾਈਲ ਕੀਤੀ ਹੈ?**

ਜੇ ਹਾਂ, ਤਾਂ ਹੇਠਾਂ ਦਿੱਤਿਆਂ ਦੀਆਂ ਕਾਪੀਆਂ ਲਿਆਓ:

-  ਸਾਰੀਆਂ ਕਨੂੰਨੀ ਸ਼ਰਤਾਂ
-  ਕੋਈ ਵੀ ਅੰਤਿਮ ਕਨੂੰਨੀ ਫੈਸਲੇ

- ਅਦਾਲਤ ਕੋਲ ਫਾਈਲ ਕੀਤੇ ਮੁਆਵਜ਼ੇ

ਪਿਛਲੀਆਂ ਕ੍ਰੈਡਿਟ ਸਮੱਸਿਆਵਾਂ

ਤੁਹਾਡਾ ਕ੍ਰੈਡਿਟ ਇਤਿਹਾਸ ਕਿਸ ਤਰ੍ਹਾਂ ਦਾ ਹੈ?

ਜੇ ਤੁਸੀਂ ਯੋਗਤਾ ਦੀ ਪੁਸ਼ਟੀ ਕਰਨ ਲਈ ਅਪਾਇੰਟਮੈਨਟ ਲਈਚੁਣੇ ਜਾਂਦੇ ਹੋ, ਤਾਂ ਫੈਸਲਾ ਲੈਣ ਦੀ ਪ੍ਰਕਿਰਿਆ ਵਿੱਚ ਤੁਹਾਡਾ ਕ੍ਰੈਡਿਟ ਇੱਕ ਕਾਰਕ ਹੋ ਸਕਦਾ ਹੈ। T

ਕੇਵਲ ਤੁਹਾਡੇ ਕ੍ਰੈਡਿਟ ਸਕੋਰ ਦੇ ਆਧਾਰ ਤੇ ਤੁਹਾਨੂੰ ਅਯੋਗ ਨਹੀਂ ਠਹਿਰਾਇਆ ਜਾ ਸਕਦਾ ਹੈ, ਪਰ ਤੁਹਾਡੇ ਕ੍ਰੈਡਿਟ ਇਤਿਹਾਸ ਵਿਚਲੀ ਜਾਣਕਾਟੀ ਮਾਇਨੇ ਰੱਖਦੀ ਹੈ। ਜੇ ਤੁਹਾਡੇ ਕੋਲ ਆਪਣੇ ਕ੍ਰੈਡਿਟ ਬਾਰੇ ਕੋਈ ਦਸਤਾਵੇਜ਼ ਹਨ, ਤਾਂ ਤੁਸੀਂ ਪਹਿਲਾਂ ਤੋਂ ਹੀ ਇਸ ਨੂੰ ਇਕੱਤਰ ਕਰਨਾ ਚਾਹ ਸਕਦੇ ਹੋ।
ਉਦਾਹਰਨ ਲਈ:

- ਉਹ ਪੱਤਰ-ਵਿਹਾਰ ਜੋ ਕ੍ਰੈਡਿਟ ਸਮੱਸਿਆਵਾਂ ਜਾਂ ਕਰਜ਼ਿਆਂ ਦੇ ਹੱਲ ਦਿਖਾਉਂਦਾ ਹੈ
- ਭੁਗਤਾਨ ਕੀਤੇ ਲੀਅਨ ਜਾਂ ਫੈਸਲਿਆਂ ਦੇ ਮੁਆਵਜ਼ੇ
- ਮੌਜੂਦਾ ਖਾਤਿਆਂ ਦੇ ਬਕਾਏ
- ਕੋਈ ਵੀ ਅੰਤਿਮ ਕਨੂੰਨੀ ਫੈਸਲੇ

ਕਿਰਪਾ ਕਰਕੇ ਨੋਟ ਕਰੋ ਕਿ ਇਸ ਜਾਣਕਾਰੀ ਨੂੰ ਪ੍ਰਦਾਨ ਕਰਕੇ ਵੀ ਇਸ ਦੀ ਕੋਈ ਗਰੰਟੀ ਨਹੀਂ ਹੈ ਕਿ ਤੁਸੀਂ ਘਰ ਲਈ ਯੋਗ ਹੋਵੋਗੇ।

ਆਪਣੀ ਮੁਫਤ ਕ੍ਰੈਡਿਟ ਰਿਪੋਰਟ ਪ੍ਰਾਪਤ ਕਰਨ ਲਈ

www.annualcreditreport.gov ਤੇ ਜਾਓ।

ਨਿਊ ਯਾਰਕ ਨਿਵਾਸੀਆਂ ਲਈ ਮੁਫਤ ਵਿੱਤੀ ਇਮਪਾਵਰਮੈਂਟ ਸੇਵਾਵਾਂ ਤੇ ਪਹੁੰਚ ਬਣਾਉਣ ਲਈ, 311 ਤੇ ਕਾਲ ਕਰੋ ਜਾਂ nyc.gov/consumers ਤੇ ਜਾਓ।

ਹੋਰ ਜਾਣਕਾਰੀ ਜਾਂ ਆਨਲਾਈਨ ਅਰਜ਼ੀ ਦੇਣ ਲਈ

www.nyc.gov/housingconnect ਤੇ ਜਾਓ।

---

ਇਹ ਦਸਤਾਵੇਜ਼ ਕੇਵਲ ਜਾਣਕਾਰੀ ਦੇ ਉਦੇਸ਼ਾਂ ਲਈ ਹੈ। ਇਹ ਕਿਫਾਇਤੀ ਰਿਹਾਇਸ਼ ਲਈ ਅਰਜ਼ੀ ਨਹੀਂ ਹੈ। ਇਸ ਦਸਤਾਵੇਜ਼ ਨੂੰ ਭਰਨ ਨਾਲ ਇਹ ਗਰੰਟੀ ਨਹੀਂ ਹੁੰਦੀ ਕਿ ਤੁਹਾਨੂੰ ਕਿਫਾਇਤੀ ਘਰ ਮਿਲ ਜਾਵੇਗਾ।